Social Security Scotland
Tèarainteachd Shòisealta Alba

ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ (ਪੈਨਸ਼ਨ ਦੀ ਉਮਰ ਸਬੰਧੀ ਅਪਾਹਜਤਾ ਭੁਗਤਾਨ)

ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ ਕੀ ਹੈ?
ਇਹ ਉਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਪੈਸਾ ਹੈ ਜੋ ਸਟੇਟ ਪੈਨਸ਼ਨ ਦੀ ਉਮਰ ਤੱਕ ਪਹੁੰਚ ਚੁੱਕੇ ਹਨ ਅਤੇ ਜਿਨ੍ਹਾਂ ਦੀਆਂ ਅਪਾਹਜਤਾ ਜਾਂ ਲੰਬੇ ਸਮੇਂ ਦੀ ਸਿਹਤ-ਸਮੱਸਿਆ ਕਾਰਨ ਦੇਖਭਾਲ ਜ਼ਰੂਰਤਾਂ ਹੁੰਦੀਆਂ ਹਨ। ਇਹ ਸਕੌਟਲੈਂਡ ਦੇ ਲੋਕਾਂ ਲਈ ਹਾਜ਼ਰੀ ਭੱਤੇ (ਅਟੈਂਡੈਂਸ ਅਲਾਊਂਸ) ਦੀ ਥਾਂ ਲੈਂਦਾ ਹੈ ਜੋ ਪਹਿਲਾਂ ਡਿਪਾਰਟਮੈਂਟ ਫਾਰ ਵਰਕ ਐਂਡ ਪੈਨਸ਼ਨਜ਼ ਵੱਲੋਂ ਦਿੱਤਾ ਜਾਂਦਾ ਸੀ।

ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ ਕੌਣ ਪ੍ਰਾਪਤ ਕਰ ਸਕਦਾ ਹੈ?
ਲੋਕ ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ ਲਈ ਅਰਜ਼ੀ ਦੇ ਸਕਦੇ ਹਨ ਜੇਕਰ ਉਹ ਸਟੇਟ ਪੈਨਸ਼ਨ ਦੀ ਉਮਰ ਦੇ ਹਨ ਅਤੇ:

- ਅਪਾਹਜ ਹਨ ਜਾਂ ਲੰਬੇ ਸਮੇਂ ਦੀ ਸਿਹਤ ਸਮੱਸਿਆ ਹੈ
- ਆਪਣੀ ਦੇਖਭਾਲ ਕਰਨ ਲਈ ਮਦਦ ਦੀ ਜਾਂ ਆਪਣੇ ਨੂੰ ਸੁਰੱਖਿਅਤ ਰੱਖਣ ਲਈ ਨਿਗਰਾਨੀ ਦੀ ਲੋੜ ਹੈ

ਜਾਂ

- ਜ਼ਿੰਦਗੀ ਦੇ ਅੰਤਿਮ ਪੜਾਅ ਵਾਲੀ ਲਾਇਲਾਜ ਬਿਮਾਰੀ ਤੋਂ ਪੀੜਤ ਹਨ

ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ ਆਮਦਨ-ਬੱਚਤ ਅਧਾਰਤ (ਮੀਨ-ਟੈਸਟਡ) ਨਹੀਂ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਅਰਜ਼ੀ ਦੇਣ ਵਾਲਾ ਵਿਅਕਤੀ ਕੰਮ ਕਰ ਰਿਹਾ ਹੈ ਜਾਂ ਉਸ ਕੋਲ ਬੱਚਤਾਂ ਹਨ।

ਜੇਕਰ ਕਿਸੇ ਨੂੰ ਪਹਿਲਾਂ ਹੀ ਹਾਜ਼ਰੀ ਭੱਤਾ ਜਾਂ ਬਾਲਗ ਅਪਾਹਜਤਾ ਭੁਗਤਾਨ ਮਿਲ ਰਿਹਾ ਹੈ ਤਾਂ ਕੀ ਹੋਵੇਗਾ?
ਹਾਜ਼ਰੀ ਭੱਤਾ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਅਰਜ਼ੀ ਦੇਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਉਨ੍ਹਾਂ ਦਾ ਅਵਾਰਡ (ਭੁਗਤਾਨ) ਖੁਦ-ਬ-ਖੁਦ ਹੀ ਡਿਪਾਰਟਮੈਂਟ ਫਾਰ ਵਰਕ ਐਂਡ ਪੈਨਸ਼ਨਜ਼ ਤੋਂ ਸੋਸ਼ਲ ਸਿਕਿਊਰਿਟੀ ਸਕੌਟਲੈਂਡ ਵੱਲ ਤਬਦੀਲ ਕਰ ਦਿੱਤਾ ਜਾਵੇਗਾ।

ਜਿਨ੍ਹਾਂ ਲੋਕਾਂ ਨੂੰ ਬਾਲਗ ਅਪਾਹਜਤਾ ਭੁਗਤਾਨ ਮਿਲ ਰਿਹਾ ਹੈ, ਉਹ ਬਾਲਗ ਅਪਾਹਜਤਾ ਭੁਗਤਾਨ 'ਤੇ ਹੀ ਬਣੇ ਰਹਿਣਗੇ ਅਤੇ ਜਦੋਂ ਉਹ ਸਟੇਟ ਪੈਨਸ਼ਨ ਦੀ ਉਮਰ ਤੱਕ ਪਹੁੰਚ ਜਾਣਗੇ ਤਾਂ ਉਨ੍ਹਾਂ ਨੂੰ ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ ਵੱਲ ਤਬਦੀਲ ਨਹੀ ਕੀਤਾ ਜਾਵੇਗਾ।

ਸਾਨੂੰ ਦਰਖ਼ਾਸਤ ਦੇਣ ਵਾਲੇ ਲੋਕਾਂ ਤੋਂ ਕਿਸ ਚੀਜ਼ ਦੀ ਲੋੜ ਹੁੰਦੀ ਹੈ?
ਕਿਸੇ ਅਰਜ਼ੀ 'ਤੇ ਫ਼ੈਸਲਾ ਲੈਣ ਲਈ ਸਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਕਿਸੇ ਦੀ ਸਿਹਤ-ਸਮੱਸਿਆ ਜਾਂ ਅਪਾਹਜਤਾ ਉਨ੍ਹਾਂ ਦੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ।

ਅਸੀਂ ਲੋਕਾਂ ਨੂੰ ਦਰਖ਼ਾਸਤ ਫਾਰਮ ਵਿੱਚ ਇਸ ਬਾਰੇ ਦੱਸਣ ਲਈ ਅਤੇ ਜਿੱਥੇ ਵੀ ਸੰਭਵ ਹੋਵੇ, ਕਿਸੇ ਪੇਸ਼ੇਵਰ ਤੋਂ ਸਹਾਇਕ ਜਾਣਕਾਰੀ ਪ੍ਰਦਾਨ ਕਰਨ ਲਈ ਕਹਿੰਦੇ ਹਾਂ। ਇਹ ਜ਼ਰੂਰੀ ਨਹੀਂ ਹੈ ਕਿ ਇਹ ਡਾਇਗਨੋਸਿਜ਼ (ਰੋਗ-ਪੁਸ਼ਟੀ) ਹੋਵੇ।

ਸਹਾਇਕ ਜਾਣਕਾਰੀ ਕਿਸੇ ਅਜਿਹੇ ਵਿਅਕਤੀ ਵੱਲੋਂ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ ਜੋ ਕਲਾਇੰਟ ਨੂੰ ਜਾਣਦਾ ਹੈ ਅਤੇ ਉਨ੍ਹਾਂ ਦੀ ਵਿਆਪਕ ਤੌਰ ’ਤੇ ਅਪਾਹਜਤਾ, ਸਿਹਤ-ਸਮੱਸਿਆਵਾਂ ਜਾਂ ਜ਼ਰੂਰਤਾਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਸਹਾਇਕ ਜਾਣਕਾਰੀ ਦੀਆਂ ਉਦਾਹਰਣਾਂ ਵਿੱਚ ਸਮਾਜਿਕ ਦੇਖਭਾਲ ਯੋਜਨਾਵਾਂ, ਪ੍ਰਿਸਕ੍ਰਿਪਸ਼ਨ ਸੂਚੀਆਂ, ਰੈਫਰਲ ਚਿੱਠੀਆਂ ਅਤੇ ਦਰਖ਼ਾਸਤ ਫਾਰਮ ਵਿੱਚ ਸਹਾਇਤਾ ਦਾ ਬਿਆਨ ਸ਼ਾਮਲ ਹੈ।

ਵਧੀਕ ਸਹਾਇਕ ਜਾਣਕਾਰੀ ਕਲਾਇੰਟ ਦੇ ਵਿਸਤ੍ਰਿਤ ਸਹਾਇਤਾ ਨੈਟਵਰਕ, ਜਿਵੇਂ ਕਿ ਦੋਸਤ, ਪਰਿਵਾਰ, ਜਾਂ ਅਵੇਤਨੀ ਦੇਖਭਾਲਕਰਤਾ ਵੱਲੋਂ ਵੀ ਮੁਹੱਈਆ ਕੀਤੀ ਜਾ ਸਕਦੀ ਹੈ। ਅਰਜ਼ੀਆਂ ਸਹਾਇਕ ਜਾਣਕਾਰੀ ਤੋਂ ਬਿਨਾਂ ਦਿੱਤੀਆਂ ਜਾ ਸਕਦੀਆਂ ਹਨ - ਜੇਕਰ ਉਹ ਸਾਨੂੰ ਕਹਿਣ ਤਾਂ ਅਸੀਂ ਉਨ੍ਹਾਂ ਦੀ ਤਰਫੋਂ ਇਹ ਜਾਣਕਾਰੀ ਇਕੱਠੀ ਕਰ ਸਕਦੇ ਹਾਂ।

ਜੇਕਰ ਅਰਜ਼ੀ ਦੇਣ ਵਾਲੇ ਵਿਅਕਤੀ ਨੂੰ ਜ਼ਿੰਦਗੀ ਦੇ ਅੰਤਿਮ ਪੜਾਅ ਵਾਲੀ ਲਾਇਲਾਜ ਬਿਮਾਰੀ ਹੈ, ਤਾਂ ਉਹ ਵਿਸ਼ੇਸ਼ ਨਿਯਮਾਂ ਅਧੀਨ ਅਰਜ਼ੀ ਦੇ ਸਕਦਾ ਹੈ ਅਤੇ ਅਸੀਂ ਉਨ੍ਹਾਂ ਦੀ ਅਰਜ਼ੀ ਨੂੰ ਤੇਜ਼ੀ ਨਾਲ ਅੱਗੇ ਵਧਾਵਾਂਗੇ।

ਜੇਕਰ ਕਿਸੇ ਨੇ ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ ਲਈ ਅਰਜ਼ੀ ਦਿੱਤੀ ਹੈ ਜਾਂ ਪਹਿਲਾਂ ਹੀ ਇਹ ਪ੍ਰਾਪਤ ਕਰ ਰਿਹਾ ਹੈ ਅਤੇ ਬਾਅਦ ਵਿੱਚ ਉਸ ਦੀ ਬਿਮਾਰੀ ਦੀ ਪੁਸ਼ਟੀ ਜ਼ਿੰਦਗੀ ਦੇ ਅੰਤਿਮ ਪੜਾਅ ਵਾਲੀ ਲਾਇਲਾਜ ਬਿਮਾਰੀ ਵੱਜੋਂ ਹੁੰਦੀ ਹੈ, ਤਾਂ ਕਿਰਪਾ ਕਰਕੇ ਸੋਸ਼ਲ ਸਿਕਿਊਰਿਟੀ ਸਕੌਟਲੈਂਡ ਨਾਲ ਸੰਪਰਕ ਕਰੋ। ਸਾਡੇ ਮਾਹਰ ਸਲਾਹਕਾਰ ਉਨ੍ਹਾਂ ਦੀ, ਜਾਂ ਉਨ੍ਹਾਂ ਲਈ ਤਬਦੀਲੀ ਦੀ ਰਿਪੋਰਟ ਕਰਨ ਵਾਲੇ ਵਿਅਕਤੀ ਦੀ ਸੁਵਿਧਾ ਅਨੁਸਾਰ ਇਸ ਪ੍ਰਕਿਰਿਆ ਵਿੱਚ ਮਾਰਗਦਰਸ਼ਨ ਕਰਨ ਲਈ ਸਹਾਇਤਾ ਕਰ ਸਕਦੇ ਹਨ।

ਭੁਗਤਾਨ ਦਰਾਂ ਦਾ ਹਿਸਾਬ ਕਿਵੇਂ ਲਗਾਇਆ ਜਾਂਦਾ ਹੈ?
ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ 2 ਦਰਾਂ ਤੋਂ ਬਣਦੀ ਹੈ - ਇੱਕ ਘੱਟ ਅਤੇ ਇੱਕ ਉੱਚ ਦਰ।

ਘੱਟ ਦਰ ਉਦੋਂ ਦਿੱਤੀ ਜਾਂਦੀ ਹੈ ਜਦੋਂ ਕੋਈ ਵਿਅਕਤੀ ਆਪਣੀਆਂ ਦਿਨ ਦੀਆਂ ਜਾਂ ਰਾਤ ਦੀਆਂ ਜ਼ਰੂਰਤਾਂ ਦੇ ਕਾਰਨ ਮਾਪਦੰਡਾਂ ਨੂੰ ਪੂਰਾ ਕਰਦਾ ਹੈ। ਇਹ £76.70 ਪ੍ਰਤੀ ਹਫ਼ਤਾ ਹੈ।

ਵੱਧ ਦਰ ਉਦੋਂ ਦਿੱਤੀ ਜਾਂਦੀ ਹੈ ਜਦੋਂ ਕੋਈ ਵਿਅਕਤੀ ਆਪਣੀਆਂ ਦਿਨ ਦੀਆਂ ਅਤੇ ਰਾਤ ਦੀਆਂ ਜ਼ਰੂਰਤਾਂ, ਦੋਵਾਂ ਦੇ, ਕਾਰਨ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਜਾਂ ਜੇਕਰ ਕਿਸੇ ਨੂੰ ਜ਼ਿੰਦਗੀ ਦੇ ਅੰਤਿਮ ਪੜਾਅ ਵਾਲੀ ਲਾਇਲਾਜ ਬਿਮਾਰੀ ਹੁੰਦੀ ਹੈ। ਇਹ £114.60 ਪ੍ਰਤੀ ਹਫ਼ਤਾ ਹੈ।

ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ ਦਾ ਕੋਈ ਗਤੀਸ਼ੀਲਤਾ ਅੰਸ਼ ਨਹੀਂ ਹੈ।

ਲੋਕਾਂ ਨੂੰ ਕਿਵੇਂ ਭੁਗਤਾਨ ਕੀਤਾ ਜਾਵੇਗਾ?
ਪਹਿਲੀ ਅਦਾਇਗੀ ਆਮ ਤੌਰ 'ਤੇ ਉਸ ਮਿਤੀ ਤੋਂ ਗਿਣੀ ਜਾਵੇਗੀ ਜਦੋਂ ਕਲਾਇੰਟ ਨੇ ਸਾਨੂੰ ਅਰਜ਼ੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਾਲ ਕੀਤੀ ਸੀ ਜਾਂ ਆਪਣੀ ਔਨਲਾਈਨ ਅਰਜ਼ੀ ਦਾ ਪਹਿਲਾ ਹਿੱਸਾ ਜਮ੍ਹਾਂ ਕਰਵਾਇਆ ਸੀ।

ਪੈਨਸ਼ਨ ਏਜ ਡਿਸੇਬਿਲਿਟੀ ਪੇਮੈਂਟ ਹਰ 4 ਹਫ਼ਤਿਆਂ ਵਿੱਚ ਅਦਾ ਕੀਤੀ ਜਾਂਦੀ ਹੈ। ਇਹ ਭੁਗਤਾਨ ਪਿਛਲੇ 4 ਹਫ਼ਤਿਆਂ ਦੀ ਮਿਆਦ ਲਈ ਹੋਵੇਗਾ। ਇਸ ਦਾ ਭੁਗਤਾਨ ਅਰਜ਼ੀ ਦੇ ਹਿੱਸੇ ਵਜੋਂ ਦਿੱਤੇ ਗਏ ਖਾਤੇ ਵਿੱਚ ਕੀਤਾ ਜਾਵੇਗਾ।

ਜੇਕਰ ਕਿਸੇ ਨੂੰ ਜ਼ਿੰਦਗੀ ਦੇ ਅੰਤਿਮ ਪੜਾਅ ਵਾਲੀ ਲਾਇਲਾਜ ਬਿਮਾਰੀ ਹੈ, ਤਾਂ ਉਨ੍ਹਾਂ ਨੂੰ ਪਹਿਲਾਂ ਤੋਂ ਹਫ਼ਤਾਵਾਰੀ ਭੁਗਤਾਨ ਕੀਤਾ ਜਾਵੇਗਾ।

ਕੀ ਭੁਗਤਾਨ ਉਨ੍ਹਾਂ ਲੋਕਾਂ ਲਈ ਉਪਲਬਧ ਹੈ ਜੋ ਜ਼ਿੰਦਗੀ ਦੇ ਅੰਤਿਮ ਪੜਾਅ ਵਾਲੀ ਲਾਇਲਾਜ ਬਿਮਾਰੀ ਤੋਂ ਪੀੜਤ ਹਨ?
ਹਾਂ। ਜਿਨ੍ਹਾਂ ਲੋਕਾਂ ਨੂੰ ਜ਼ਿੰਦਗੀ ਦੇ ਅੰਤਿਮ ਪੜਾਅ ਵਾਲੀ ਲਾਇਲਾਜ ਬਿਮਾਰੀ ਹੈ ਉਨ੍ਹਾਂ ਲਈ ਅਰਜ਼ੀ ਦੀ ਇੱਕ ਵੱਖਰੀ ਤੇਜ਼ ਪ੍ਰਕਿਰਿਆ ਹੈ। ਯੋਗ ਕਲਾਇੰਟਾਂ ਨੂੰ ਬੈਨੀਫਿਟ ਦੀ ਉੱਚ ਦਰ ਮਿਲੇਗੀ ਭਾਵੇਂ ਉਹ ਕਿੰਨੇ ਸਮੇਂ ਤੋਂ ਜ਼ਿੰਦਗੀ ਦੇ ਅੰਤਿਮ ਪੜਾਅ ਵਾਲੀ ਲਾਇਲਾਜ ਬਿਮਾਰੀ ਤੋਂ ਪੀੜਤ ਹਨ ਜਾਂ ਉਨ੍ਹਾਂ ਦੇ ਕਿੰਨੇ ਵੀ ਸਮੇਂ ਤੱਕ ਜੀਉਣ ਦੀ ਸੰਭਾਵਨਾ ਹੈ।

ਅਰਜ਼ੀ ’ਤੇ ਤੇਜ਼ ਕਾਰਵਾਈ ਕਰਨ ਲਈ ਸਾਨੂੰ ਡਾਕਟਰ ਜਾਂ ਨਰਸ ਤੋਂ ਜ਼ਿੰਦਗੀ ਦੇ ਅੰਤਿਮ ਪੜਾਅ ਵਾਲੀ ਲਾਇਲਾਜ ਬਿਮਾਰੀ ਦੀ ਪੁਸ਼ਟੀ ਦੀ ਲੋੜ ਹੁੰਦੀ ਹੈ। ਉਨ੍ਹਾਂ ਨੂੰ ਸਕੌਟਲੈਂਡ ਵਿੱਚ ਵਿਸ਼ੇਸ਼ ਨਿਯਮਾਂ ਤਹਿਤ ਬੈਨੀਫਿਟਾਂ ਦਾ ਮੁਲਾਂਕਣ (BASRiS) ਫਾਰਮ ਭਰ ਕੇ ਇਹ ਜਾਣਕਾਰੀ ਮੁਹੱਈਆ ਕਰਨੀ ਚਾਹੀਦੀ ਹੈ। ਕਲਾਇੰਟ ਸਾਨੂੰ ਉਨ੍ਹਾਂ ਤੋਂ ਇਸ ਦੀ ਬੇਨਤੀ ਕਰਨ ਲਈ ਕਹਿ ਸਕਦੇ ਹਨ। ਕਿਸੇ ਹੋਰ ਸਹਾਇਕ ਜਾਣਕਾਰੀ ਦੀ ਲੋੜ ਨਹੀਂ ਹੈ।

ਲੋਕ ਕਿਵੇਂ ਦਰਖ਼ਾਸਤ ਦੇ ਸਕਦੇ ਹਨ?
ਲੋਕ **mygov.scot/pension-age-disability-payment** ’ਤੇ ਹੋਰ ਜਾਣਕਾਰੀ ਲੈ ਸਕਦੇ ਹਨ ਅਤੇ ਔਨਲਾਈਨ ਦਰਖ਼ਾਸਤ ਦੇ ਸਕਦੇ ਹਨ। ਲੋਕ ਵਿਅਕਤੀਗਤ ਤੌਰ 'ਤੇ ਜਾਂ ਫ਼ੋਨ 'ਤੇ ਵੀ ਦਰਖ਼ਾਸਤ ਦੇ ਸਕਦੇ ਹਨ, ਜਾਂ **0800 182 2222** 'ਤੇ ਸਾਨੂੰ ਮੁਫ਼ਤ ਕਾਲ ਕਰਕੇ ਡਾਕ ਰਾਹੀਂ ਕਾਗਜ਼ੀ ਦਰਖ਼ਾਸਤ ਫਾਰਮ ਮੰਗ ਸਕਦੇ ਹਨ।

ਦਰਖ਼ਾਸਤ ਦੇਣ ਲਈ ਹੋਰ ਕਿਹੜੀ ਸਹਾਇਤਾ ਹੈ?
ਹੋਰ ਸਹਾਇਤਾ ਸੁਤੰਤਰ ਵਕਾਲਤੀ ਸੇਵਾ Advocacy.scot ਤੋਂ ਉਪਲਬਧ ਹੈ, ਜੋ ਐਡਵਾਇਜ਼ ਡਾਇਰੈਕਟ ਸਕੌਟਲੈਂਡ ਵੱਲੋਂ ਚਲਾਈ ਜਾਂਦੀ ਹੈ। ਲੋਕ **0808 196 8901**'ਤੇ ਮੁਫ਼ਤ ਕਾਲ ਕਰਕੇ, **Advocacy.scot** 'ਤੇ ਜਾ ਕੇ ਜਾਂ **support@advocacy.scot** 'ਤੇ ਈਮੇਲ ਕਰਕੇ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।

ਅਰਜ਼ੀ ਦੇਣ ਲਈ ਹੋਰ ਸਹਾਇਤਾ ਸੋਸ਼ਲ ਸਿਕਿਊਰਿਟੀ ਸਕੌਟਲੈਂਡ ਦੇ ਸਥਾਨਕ ਕਲਾਇੰਟ ਸਲਾਹਕਾਰਾਂ ਤੋਂ ਵੀ ਉਪਲਬਧ ਹੈ। ਲੋਕ ਸਾਨੂੰ 0800 182 2222 'ਤੇ ਮੁਫ਼ਤ ਕਾਲ ਕਰਕੇ ਆਪਣੇ ਲਈ ਮੁਆਫ਼ਕ ਸਮੇਂ ਅਤੇ ਜਗ੍ਹਾ 'ਤੇ ਮੁਲਾਕਾਤ ਬੁੱਕ ਕਰ ਸਕਦੇ ਹਨ। ਮੀਟਿੰਗਾਂ ਘਰ ਵਿੱਚ, ਭਾਈਚਾਰੇ ਵਿੱਚ, ਵੀਡੀਓ ਕਾਲ ਜਾਂ ਟੈਲੀਫੋਨ ਰਾਹੀਂ ਹੋ ਸਕਦੀਆਂ ਹਨ।

ਲੋਕ ਸਾਡੇ ਨਾਲ ਕਿਵੇਂ ਸੰਪਰਕ ਕਰ ਸਕਦੇ ਹਨ?

ਸਾਨੂੰ ਇੱਥੇ ਮੁਫ਼ਤ ਕਾਲ ਕਰੋ: 0800 182 2222

ਟੈਕਸਟ ਰੀਲੇਅ ਸੇਵਾ: 18001 +0300 244 4000
(ਉਨ੍ਹਾਂ ਲਈ ਜਿੰਨ੍ਹਾਂ ਨੂੰ ਸੁਣਨ ਵਿੱਚ ਮੁਸ਼ਕਿਲ ਹੁੰਦੀ ਹੈ)

ਬਰਤਾਨਵੀ ਸੰਕੇਤਕ ਭਾਸ਼ਾ ਦੇ ਵਰਤੋਂਕਾਰ:
contactscotland-bsl.org

ਵੈੱਬਚੈਟ: chat.socialsecurity.gov.scot

ਪੀ.ਏ.ਡੀ.ਪੀ. ਫੈਕਟਸ਼ੀਟ/ਮਾਰਚ 2026